# Punjab Government Gazette

*Published by Authority*

No. 5] CHANDIGARH, FRIDAY, JANUARY 30, 2026 (MAGHA 10, 1947 SAKA)

# PART I

**Punjab Government Notifications and Orders**

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-3 ਸ਼ਾਖਾ)

ਹੁਕਮ

ਮਿਤੀ 5 ਜਨਵਰੀ, 2026

**HOME-HM-30ESBM/296/2025-2H3 (E889788)/I/1283216/2026.-** ਪੰਜਾਬ ਪੁਲਿਸ ਦੇ ਜ਼ਿਲ੍ਹਾ ਕਾਡਰ ਅਤੇ ਆਰਮਡ ਕਾਡਰ ਵਿਚ ਤੈਨਾਤ ਇੰਸਪੈਕਟਰਾਂ ਨੂੰ ਬਤੌਰ ਡੀ.ਐਸ.ਪੀ. ਤਰੱਕੀਯਾਬ ਕਰਨ ਸਬੰਧੀ ਮਿਤੀ 23.05.2025 ਨੂੰ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਿਸ਼ਾਂ ਦੇ ਸਨਮੁੱਖ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵੱਲੋਂ ਉਹਨਾਂ ਦੇ ਪੱਤਰ ਮਿਤੀ 01.10.2025 ਰਾਹੀਂ The Punjab Scheduled Castes and Backward Classes (Revervation in services) Act, 2006 ਦੀ ਧਾਰਾ 7(2) ਵਿੱਚ ਦਰਜ਼ ਉਪਬੰਧ ਅਨੁਸਾਰ ਪੰਜਾਬ ਪੁਲਿਸ ਦੇ ਆਰਮਡ ਕਾਡਰ ਦੀਆਂ 3 ਰਾਖਵੀਆਂ ਅਸਾਮੀਆਂ ਨੂੰ ਡੀ-ਰਿਜ਼ਰਵ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਗਈ ਹੈ ਕਿ ਅਗਲਾ ਆਉਣ ਵਾਲਾ ਨੁਕਤਾ/ਅਸਾਮੀ ਅਨੁਸੂਚਿਤ ਜਾਤੀ ਦੇ ਕਰਮਚਾਰੀ ਰਾਹੀਂ ਭਰਿਆ ਜਾਵੇਗਾ।

2. ਉਕਤ ਪ੍ਰਵਾਨਗੀ ਦੀ ਰੋਸ਼ਨੀ ਵਿੱਚ ਮਿਤੀ 31.12.2025 ਨੂੰ ਆਰਮਡ ਕਾਡਰ ਵਿੱਚ ਡੀ.ਐਸ.ਪੀ.ਦੀ ਰਿਟਾਇਰਮੈਂਟ ਕਾਰਨ ਖਾਲੀ ਹੋਈ ਅਸਾਮੀ ਵਿਰੁੱਧ ਯੋਗ ਇੰਸਪੈਕਟਰ ਸ਼੍ਰੀ ਸਰਬਜੀਤ ਸਿੰਘ, 1382/ਪੀ.ਏ.ਪੀ., ਸੀਨੀਆਰਤਾ ਨੰ. 538 (ਆਮ ਵਰਗ ) ਨੂੰ ਬਤੌਰ ਉਪ ਕਪਤਾਨ ਪੁਲਿਸ ਦੀ ਆਸਾਮੀ ਤੇ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸਾਂ ਅਨੁਸਾਰ ਸੋਧੇ ਤਨਖਾਹ ਸਕੇਲਾਂ (level 18: 56100-177500) ਵਿੱਚ ਪਦਉੱਨਤ ਕੀਤਾ ਜਾਂਦਾ ਹੈ।

3. ਇਹ ਪਦ-ਉਨਤੀ ਹੇਠ ਲਿਖੀਆਂ ਸ਼ਰਤਾਂ ਤੇ ਹੋਵੇਗੀ:-

1) ਇਹ ਪਦ ਉਨਤੀ ਵੱਖ-ਵੱਖ ਮਾਨਯੋਗ ਅਦਾਲਤਾਂ ਵਿਖੇ ਚੱਲਦੇ ਵੱਖ ਵੱਖ ਕੇਸਾਂ ਦੇ ਅੰਤਮ ਫੈਸਲਿਆਂ ਦੇ ਆਧਾਰ ਤੇ ਸੋਧਣ ਯੋਗ ਹੋਵੇਗੀ।

2) ਮਾਨਯੋਗ ਸੁਪਰੀਮ ਕੋਰਟ ਵਿਖੇ ਸੰਵਿਧਾਨ ਦੀ 85ਵੀ ਸੋਧ ਸਬੰਧੀ ਫੈਸਲੇ ਦੇ ਆਧਾਰ ਤੇ ਪਦ-ਉਨਤੀ ਮੁੜ ਵਿਚਾਰਨਯੋਗ ਹੋਵੇਗੀ।

3) ਜੇਕਰ ਕਿਸੇ ਕਾਰਨ ਵਿਭਾਗ ਦੇ ਇੰਸਪੈਕਟਰਾਂ ਦੀ ਸੀਨੀਆਰਤਾ ਸੂਚੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਆਉਂਦੀ ਹੈ ਤਾਂ ਉਸ ਅਨੁਸਾਰ ਇਸ ਤਰੱਕੀ ਤੇ ਮੁੜ ਵਿਚਾਰ ਕੀਤਾ ਜਾਵੇਗਾ।

4) ਇਸ ਅਧਿਕਾਰੀ ਦਾ ਪਰਖ ਕਾਲ ਦਾ ਸਮਾਂ ਇਕ ਸਾਲ ਦਾ ਹੋਵੇਗਾ।

5) ਇਸ ਪਦਉਨਤੀ ਦੇ ਵਿੱਤੀ ਲਾਭ ਡੀ.ਐਸ.ਪੀ ਦੀ ਅਸਾਮੀ ਦਾ ਕਾਰਜਭਾਰ ਸੰਭਾਲਣ ਦੀ ਮਿਤੀ ਤੋਂ ਮਿਲਣਯੋਗ ਹੋਣਗੇ।

4. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਗਏ ਹਨ।

**ਆਲੋਕ ਸ਼ੇਖਰ, ਆਈ.ਏ.ਐਸ.**
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ
ਮਿਤੀ 5 ਜਨਵਰੀ, 2026

*3622/1-2026/Pb. Govt. Press, S.A.S. Nagar*